# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਕੰਟਰੋਲਰ (ਪ੍ਰੀਖਿਆਵਾਂ) ਦਫਤਰ

ਨੰ:.......6816......./ਸੀ.ਓ.ਈ.

ਮਿਤੀ......06/9/2022......

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ ਅਤੇ
ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ,

ਇਹ ਇਸ ਦਫਤਰ ਵਲੋਂ ਪਹਿਲਾਂ ਜਾਰੀ ਹੋਏ ਪੱਤਰ ਨੰ: 6166/ਸੀ.ਓ.ਈ., ਮਿਤੀ 18-08-2022, ਪੱਤਰ ਨੰ: SPL-I, ਮਿਤੀ 20-08-2022, ਪੱਤਰ ਨੰ: 6298/ਸੀ.ਓ.ਈ., ਮਿਤੀ 23-08-2022 ਰਾਹੀਂ ਅਤੇ ਪੱਤਰ ਨੰ: 6349/ਸੀ.ਓ.ਈ., ਮਿਤੀ 24-08-2022 ਰਾਹੀਂ ਲਿਖਿਆ ਗਿਆ ਸੀ ਕਿ ਸਾਰੇ ਅੰਡਰ ਗ੍ਰੈਜੂਏਟ ਕੋਰਸਾਂ ਦੀਆਂ ਆਖਰੀ ਸਮੈਸਟਰ ਦੀਆਂ ਅਵਾਰਡਾਂ ਨੂੰ ਮਿਤੀ 27-08-2022 ਨੂੰ ਸ਼ਾਮ 04-00 ਵਜੇ ਤੱਕ ਪੋਰਟਲ ਤੇ ਅਪਲੋਡ ਕਰਨਾ ਅਤੇ ਉਨ੍ਹਾਂ ਦੀਆਂ ਹਾਰਡ ਕਾਪੀਆਂ ਮਿਤੀ 29-08-2022 ਨੂੰ ਸ਼ਾਮ 03-00 ਵਜੇ ਤੱਕ ਪ੍ਰੀਖਿਆ ਸ਼ਾਖਾ ਵਿਖੇ ਜਮ੍ਹਾਂ ਕਰਵਾਉਣਾ ਯਕੀਨੀ ਬਣਾਉਣ ਲਈ ਲਿਖਿਆ ਗਿਆ ਸੀ। ਇਸ ਤੋਂ ਇਲਾਵਾ ਉਕਤ ਪੱਤਰ ਨੰ: 6349/ਸੀ.ਓ.ਈ. ਮਿਤੀ 24-8-2022 ਦੇ ਕ੍ਰਮਾਂਕ ਨੰ: 1 ਵਿਚ ਇਹ ਵੀ ਲਿਖਿਆ ਗਿਆ ਸੀ ਕਿ ਇਸ ਤੋਂ ਬਾਅਦ ਅਵਾਰਡਾਂ ਨੂੰ ਜਮ੍ਹਾਂ ਕਰਵਾਉਣ ਲਈ ਜੁਰਮਾਨੇ ਦੀ ਵੀ ਵਿਵਸਥਾ ਹੈ। ਇਸ ਉਪਰੰਤ ਪੱਤਰ ਨੰ: SPL-2/ਸੀ.ਓ.ਈ. ਮਿਤੀ 27-08-2022 ਰਾਹੀਂ ਲਿਖਿਆ ਗਿਆ ਸੀ ਕਿ ਇਕ ਹੋਰ ਮੌਕਾ ਦਿੰਦੇ ਹੋਏ ਹੁਣ ਇਹ ਅਵਾਰਡਾਂ ਮਿਤੀ 29-08-2022 ਨੂੰ ਸ਼ਾਮ 04-00 ਵਜੇ ਤੱਕ ਪੋਰਟਲ ਤੇ ਅਪਲੋਡ ਕਰਨੀਆ ਅਤੇ ਹਾਰਡ ਕਾਪੀਆਂ ਮਿਤੀ 30-08-2022 ਨੂੰ ਸ਼ਾਮ 03-00 ਵਜੇ ਤੱਕ ਪ੍ਰੀਖਿਆ ਸ਼ਾਖਾ ਵਿਚ ਜਮ੍ਹਾਂ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਉਕਤ ਦੀ ਲੋਅ ਵਿਚ ਹਸਤਾਖਰਕਰਤਾ ਦੇ ਧਿਆਨ ਵਿਚ ਆਇਆ ਹੈ ਕਿ ਕਈ ਅਵਾਰਡਾਂ ਦੀ ਹਾਰਡ ਕਾਪੀਆਂ ਮਿਤੀ 30-08-2022 ਨੂੰ ਸ਼ਾਮ 04-00 ਵਜੇ ਤੱਕ ਪ੍ਰੀਖਿਆ ਸ਼ਾਖਾ ਵਿਖੇ ਪ੍ਰਾਪਤ ਨਹੀਂ ਹੋਈਆਂ ਹਨ। ਇਸ ਲਈ ਕਿਉਂ ਨਾ ਤੁਹਾਡੇ ਵਿਰੁੱਧ ਨਿਯਮਾਂ ਅਨੁਸਾਰ ਜੁਰਮਾਨਾ ਲਗਾਉਂਦੇ ਹੋਏ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇ।

ਪਰੰਤੂ ਫਿਰ ਵੀ ਤੁਹਾਨੂੰ ਇਕ ਹੋਰ ਆਖਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਅੰਡਰ ਗ੍ਰੈਜੂਏਟ ਕੋਰਸਾਂ ਦੀਆਂ ਆਖਰੀ ਸਮੈਸਟਰ ਦੀਆਂ ਅਵਾਰਡਾਂ ***ਦੀਆਂ ਹਾਰਡ ਕਾਪੀਆਂ ਮਿਤੀ 09-09-2022 ਤੱਕ ਹਰ ਹਾਲਤ ਵਿਚ ਪ੍ਰੀਖਿਆ ਸ਼ਾਖਾ ਵਿਖੇ ਜਮ੍ਹਾਂ ਕਰਵਾਈਆਂ ਜਾਣ।*** ਇਸ ਉਪਰੰਤ ਅਵਾਰਡਾਂ ਦੀਆਂ ਹਾਰਡ ਕਾਪੀਆਂ ਨਿਯਮਾਂ ਅਨੁਸਾਰ ਜੁਰਮਾਨੇ ਨਾਲ ਹੀ ਜਮ੍ਹਾਂ ਕਰਵਾਈਆਂ ਜਾਣਗੀਆਂ।

G Singh 6/9/22

ਕੰਟਰੋਲਰ (ਪ੍ਰੀਖਿਆਵਾਂ)